ਪੰਜਾਬ ਸਰਕਾਰ
ਰਾਸ਼ਟਰੀ ਸਿਹਤ ਮਿਸ਼ਨ
ਸਿਹਤ ਤੇ ਪਰਿਵਾਰ ਭਲਾਈ ਵਿਭਾਗ

ਪੰਜਵੀਂ ਮੰਜਿਲ, ਪਰਿਆਸ ਬਿਲਡਿੰਗ, ਦੱਖਣ ਮਾਰਗ, ਸੈਕਟਰ 38-ਬੀ ਚੰਡੀਗੜ੍ਹ, 160036
**Phone.** 0172-4012011, 4012012, **Fax:** 0172-4012013

ਨੰ. ਰ.ਸ.ਮ./ਪੰ./18/ਐਮ.ਐਚ.ਆਰ/ ਮਿਤੀ

## ਹੁਕਮ

ਰਾਸ਼ਟਰੀ ਸਿਹਤ ਮਿਸ਼ਨ ਅਧੀਨ ਠੇਕੇ ਤੇ ਤੈਨਾਤ ਸਮੂਹ ਕਰਮਚਾਰੀਆਂ ਨੂੰ Loyalty Bonus ਦੇਣ ਦੀ ਪ੍ਰਵਾਨਗੀ ਦਿੱਤੀ ਗਈ ਹੈ। ਐਨ.ਐਚ.ਐਮ. ਅਧੀਨ ਕਰਮਚਾਰੀਆਂ ਦੀਆਂ ਸੇਵਾਂਵਾ ਲਈ ਉਹਨਾਂ ਨੂੰ ਹੇਠ ਲਿਖੇ ਅਨੁਸਾਰ Loyalty Bonus ਦਿੱਤਾ ਜਾਂਦਾ ਹੈ:-

i. ਜਿਹਨਾਂ ਕਰਮਚਾਰੀਆਂ ਦੀ ਮਿਤੀ 01.04.2018 ਨੂੰ 5 ਸਾਲ ਜਾਂ ਜਿਆਦਾ ਸਮਾਂ ਲਗਾਤਾਰ ਸਰਵਿਸ ਹੈ ਉਹਨਾਂ ਨੂੰ ਮਿਤੀ 31.03.2018 ਦੀ ਤਨਖਾਹ ਉਪਰ 15% Loyalty Bonus ਦਿੱਤਾ ਜਾਵੇਗਾ।

ii. ਜਿਹਨਾਂ ਕਰਮਚਾਰੀਆਂ ਦੀ ਮਿਤੀ 01.04.2018 ਨੂੰ 3 ਸਾਲ ਜਾਂ 3 ਸਾਲ ਤੋਂ ਜਿਆਦਾ ਅਤੇ 5 ਸਾਲ ਤੋਂ ਘੱਟ ਲਗਾਤਾਰ ਸਰਵਿਸ ਹੈ ਉਹਨਾਂ ਨੂੰ ਮਿਤੀ 31.03.2018 ਦੀ ਤਨਖਾਹ ਉਪਰ 10% Loyalty Bonus ਦਿੱਤਾ ਜਾਵੇਗਾ।

iii. ਉਕਤ ਨੰ ii ਅਧੀਨ ਆਉਣ ਵਾਲੇ ਕਰਮਚਾਰੀ ਜਦੋਂ ਆਪਣੀਆਂ 5 ਸਾਲ ਦੀਆਂ ਸੇਵਾਂਵਾ ਪੂਰੀਆਂ ਕਰ ਲੈਣਗੇ ਤਾਂ 5 ਸਾਲ ਦੀਆਂ ਸੇਵਾਂਵਾ ਪੂਰੀਆਂ ਹੋਣ ਸਮੇਂ ਤੋਂ 5% Loyalty Bonus ਦਿੱਤਾ ਜਾਵੇਗਾ। ਇਸ ਤਰਾਂ ਜਿਹੜੇ ਕਰਮਚਾਰੀਆਂ ਦੀਆਂ ਸੇਵਾਂਵਾ 3 ਸਾਲ ਤੋਂ ਘੱਟ ਹਨ ਅਤੇ ਉਹ ਜੱਦ ਆਪਣੀਆਂ 3 ਸਾਲ ਦੀਆਂ ਸੇਵਾਂਵਾ ਪੂਰੀਆਂ ਕਰ ਲੈਣਗੇ ਤਾਂ ਉਸ ਸਮੇਂ ਉਹਨਾਂ ਨੂੰ 10 % Loyalty Bonus ਦਿੱਤਾ ਜਾਵੇਗਾ।

Loyalty Bonus ਠੇਕੇ ਤੇ ਤੈਨਾਤ ਸਮੂਹ ਐਨ.ਐਚ.ਐਮ. ਕਰਮਚਾਰੀਆਂ ਨੂੰ ਮਿਤੀ 01.04.2018 ਤੋਂ ਮਿਲਣਯੋਗ ਹੋਵੇਗਾ।

ਸਹੀ/-

ਮਿਤੀ 21.08.2018
ਚੰਡੀਗੜ੍ਹ।

ਸ਼ਤੀਸ ਚੰਦਰਾ, ਆਈ.ਏ.ਐਸ.
ਵਧੀਕ ਮੁੱਖ ਸਕੱਤਰ ਸਿਹਤ ਤੇ ਪਰਿਵਾਰ ਭਲਾਈ
ਪੰਜਾਬ ਸਰਕਾਰ।

ਪਿਠ-ਅੰਕਣ ਨੰ. ਰ.ਸ.ਮ./ਪੰ./18/ਐਮ.ਐਚ.ਆਰ/ 18586-95 ਮਿਤੀ- 29/08/2018

1. ਨਿੱਜੀ ਸਕੱਤਰ, ਵਧੀਕ ਮੁੱਖ ਸਕੱਤਰ ਸਿਹਤ ਨੂੰ ਮਾਣਯੋਗ ਮੱਖ ਵਧੀਕ ਸਕੱਤਰ ਸਿਹਤ ਜੀ ਦੀ ਜਾਣਕਾਰੀ ਹਿੱਤ।
2. ਨਿੱਜੀ ਸਹਾਇਕ, ਐਮ.ਡੀ. ਐਨ.ਐਚ.ਐਮ. ਨੂੰ ਮਾਣਯੋਗ ਮਿਸ਼ਨ ਡਾਇਰੈਕਟਰ ਜੀ ਦੀ ਜਾਣਕਾਰੀ ਹਿੱਤ।
3. ਡਾਇਰੈਕਟਰ ਸਿਹਤ ਸੇਵਾਂਵਾ ਪੰਜਾਬ।
4. ਡਾਇਰੈਕਟਰ ਪਰਿਵਾਰ ਭਲਾਈ ਪੰਜਾਬ।
5. ਡਾਇਰੈਕਟਰ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਮੋਹਾਲੀ।
6. ਡਾਇਰੈਕਟਰ ਆਯੂਰਵੈਦਾ ਅਤੇ ਹੋਮਿਓਪੈਥੀ ਪੰਜਾਬ।
7. ਸਮੂਹ ਸਿਵਲ ਸਰਜਨ ਪੰਜਾਬ।
8. ਸਮੂਹ ਪ੍ਰੋਗਰਾਮ ਅਫਸਰ ਦਫਤਰ ਡੀ.ਐਚ.ਐਸ. ਪੰਜਾਬ।
9. ਮੈਨੇਜਰ ਵਿੱਤ ਤੇ ਲੇਖਾ ਐਨ.ਐਚ.ਐਮ. ਪੰਜਾਬ ਨੂੰ ਜਾਣਕਾਰੀ ਅਤੇ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ
ਐਨ.ਐਚ.ਐਮ. ਪੰਜਾਬ।